Directorate of Education, GNCT of Delhi

Practice Paper

Mid Term

Session-2022-23

Class-VIII

Subject-Punjabi

Time-2 ½ hrs M.M. 60

1. ਪੈਰਾ ਪੜ੍ਹ ਕੇ ਪੁੱਛੇ ਗਏ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ| 5x2=10

ਕੋਨਾਰਕ ਦਾ ਸੂਰਜ ਮੰਦਰ ਬਹੁਤ ਪ੍ਰਸਿੱਧ ਹੈ|ਇਹ ਮੰਦਰ ਵਿਸ਼ਾਲ ਰਥ ਦੀ ਸ਼ਕਲ ਵਿੱਚ ਬਣਿਆ ਹੋਇਆ ਹੈ ਜਿਸ ਵਿੱਚ ਬਾਰਾਂ ਜੋੜੇ ਪਹੀਏ ਅਤੇ ਸੱਤ ਘੋੜੇ ਲੱਗੇ ਹੋਏ ਹਨ|ਇਹ ਸੱਤ ਘੋੜੇ ਸੂਰਜ ਦੇ ਪ੍ਰਕਾਸ਼ ਦੇ ਸੱਤ ਰੰਗਾਂ ਦੇ ਪ੍ਰਤੀਕ ਹਨ|ਜਦੋਂ ਸੂਰਜ ਦੇਵਤਾ ਸਵੇਰੇ ਨੀਲੇ ਸਮੁੰਦਰ ਤੋਂ ਉਤਾਂਹ ਉੱਠਦੇ ਹਨ ਤਾਂ ਪਹਿਲੀਆਂ ਕਿਰਨਾਂ ਇਸ ਮੰਦਰ ‘ਤੇ ਪੈਂਦੀਆਂ ਹਨ|ਕਿਰਨਾਂ ਮੰਦਰ ਦੇ ਮੁੱਖ ਦਵਾਰ ਤੋਂ ਅੱਗੇ ਪੁੱਜਦੀਆਂ ਹਨ|ਇਹ ਮੰਦਰ ਤੇਰ੍ਹਵੀਂ ਸਦੀ ਦੀ ਵਾਸਤੂ ਕਲਾ ਦਾ ਵੀ ਸੁੰਦਰ ਨਮੂਨਾ ਹੈ|

ੳ) ਕਿਸ ਥਾਂ ਦਾ ਸੂਰਜ ਮੰਦਰ ਪ੍ਰਸਿੱਧ ਹੈ?

i. ਦਿੱਲੀ
ii. ਜੈਪੁਰ
iii. ਕੋਨਾਰਕ
iv. ਕਾਂਚੀਪੁਰਮ

ਅ) ਸੂਰਜ ਮੰਦਰ ਕਿਸ ਦੀ ਸ਼ਕਲ ਵਿੱਚ ਬਣਿਆ ਹੋਇਆ ਹੈ?

i. ਵਿਸ਼ਾਲ ਰਥ
ii. ਵਿਸ਼ਾਲ ਗੁਫ਼ਾ
iii. ਵਿਸ਼ਾਲ ਸਰੋਵਰ
iv. ਇਹਨਾਂ ਵਿੱਚੋਂ ਕੋਈ ਨਹੀਂ

ੲ) ਸੱਤ ਘੋੜੇ ਸੂਰਜ ਦੇ ਪ੍ਰਕਾਸ਼ ਦੇ ਕਿੰਨੇ ਰੰਗਾਂ ਦੇ ਪ੍ਰਤੀਕ ਹਨ?

i. ਇੱਕ
ii. ਤਿੰਨ

iii. ਪੰਜ

iv. ਸੱਤ

ਸ) ਸੂਰਜ ਦੀਆਂ ਕਿਰਨਾਂ ਸਭ ਤੋਂ ਪਹਿਲਾਂ ਕਿੱਥੇ ਪੈਂਦੀਆਂ ਹਨ?

i. ਰੁੱਖਾਂ ਉੱਤੇ

ii. ਸੂਰਜ ਮੰਦਰ ਉੱਤੇ

iii. ਲੋਕਾਂ ਉੱਤੇ

iv. ਪੰਛੀਆਂ ਉੱਤੇ

ਹ) ਸੂਰਜ ਮੰਦਰ ਕਿਸ ਸਦੀ ਦੀ ਵਾਸਤਤੂ ਕਲਾ ਦਾ ਨਮੂਨਾ ਹੈ?

i. ਪਹਿਲੀ ਸਦੀ

ii. ਪੰਜਵੀਂ ਸਦੀ

iii. ਦਸਵੀਂ ਸਦੀ

iv. ਤੇਰ੍ਹਵੀਂ ਸਦੀ

2. ਪਾਠ-ਪੁਸਤਕ ਅਧਾਰਤ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਦਿੱਤੇ ਵਿਕਲਪਾਂ ਅਨੁਸਾਰ ਲਿਖੋ|

5x1=5

ੳ) ਪੋਂਗਲ ਤਿਉਹਾਰ ਮੁੱਖ ਰੂਪ ਵਿੱਚ ਕਿੱਥੇ ਮਨਾਇਆ ਜਾਂਦਾ ਹੈ?

i. ਤਮਿਲਨਾਡੂ

ii. ਹਰਿਆਣਾ

iii. ਉੱਤਰ ਪ੍ਰਦੇਸ਼

iv. ਹਿਮਾਚਲ ਪ੍ਰਦੇਸ਼

ਅ) ਪੋਂਗਲ, ਮਾਘੀ, ਮਕਰ-ਸੰਕ੍ਰਾਂਤੀ ਤਿਉਹਾਰਾਂ ਦਾ ਸੰਬੰਧ ਕਿਸ ਨਾਲ ਹੈ?

i. ਸੂਰਜ

ii. ਪਾਣੀ

iii. ਚੰਦ

iv. ਧਰਤੀ

ੲ) ਹੀਰਾ ਲਾਲ ਨੇ ਗੁੱਸੇ ਨਾਲ ਕਿਸਾਨ ਨੂੰ ਕੜਕ ਕੇ ਕੀ ਕਿਹਾ?

i. ਤੁਸੀਂ ਪਾਗਲ ਹੋ|

ii. ਤੁਹਾਨੂੰ ਬਹੁਤ ਹੰਕਾਰ ਹੋ ਗਿਆ ਹੈ|

iii. ਤੁਸੀਂ ਦੂਰ ਚਲੇ ਜਾਓ|

iv. ਤੁਸੀਂ ਆਪਣਾ ਕੰਮ ਛੱਡ ਦਿਓ|

ਸ) ਰਾਜੇ ਨੇ ਜਗੀਰਦਾਰ ਨੂੰ ਕੀ ਹਿਦਾਇਤ ਦਿੱਤੀ?

i. ਅਨਾਜ ਵਾਪਸ ਕਰਨ ਦੀ|
ii. ਵਿਆਜ ਦੇਣ ਦੀ|
iii. ਪੈਸੇ ਦੇਣ ਦੀ
iv. ਭਵਿੱਖ ਵਿੱਚ ਅਜਿਹੀ ਗਲਤੀ ਨਾ ਕਰਨ ਦੀ|

ਹ) ਨਵੇਂ ਚੌਲ, ਦੁੱਧ ਅਤੇ ਗੁੜ ਪਾ ਕੇ ਬਣਾਈ ਗਈ ਖੀਰ ਨੂੰ ਕੀ ਕਿਹਾ ਜਾਂਦਾ ਹੈ?

i. ਖਿਚੜੀ
ii. ਪੋਂਗਲ
iii. ਚੌਲ ਦੀ ਢੇਰੀ
iv. ਇਹਨਾਂ ਵਿੱਚੋਂ ਕੋਈ ਨਹੀਂ

3. ਕੋਈ ਪੰਜ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ| 5x1=5

i. ਇਤਿਹਾਸ ਲਿਖਣ ਵਾਲਾ –
ii. ਜੋ ਕਦੇ ਨਾ ਮਰੇ –
iii. ਕਦੇ ਵੀ ਨਾ ਥੱਕਣ ਵਾਲਾ –
iv. ਚੰਗੇ ਆਚਰਣ ਵਾਲਾ –
v. ਆਪਣੇ ਨਾਲ ਬੀਤੀ –
vi. ਜਿਸਨੂੰ ਜਿੱਤਿਆ ਨਾ ਜਾ ਸਕੇ –

4. ਹੇਠ ਦਿੱਤੇ ਕੋਈ ਪੰਜ ਨਾਂਵ ਸ਼ਬਦਾਂ ਉੱਤੇ ਗੋਲਾ ਲਗਾਓ| 5x1=5

ਰਮੇਸ਼, ਫਰਾਂਸ, ਕਾਪੀ, ਤੁਸੀਂ, ਸਾਰੇ, ਤਿੰਨ, ਫੁੱਲ, ਖੱਟਾ, ਕਈ, ਰਾਜਸਥਾਨ

5. ਹੇਠ ਦਿੱਤੇ ਕੋਈ ਪੰਜ ਕਿਰਿਆ ਵਿਸ਼ੇਸ਼ਣ ਸ਼ਬਦਾਂ ਦੀ ਕਿਸਮ ਲਿਖੋ| 5x1=5

i. ਤੇਜ਼ -

ii. ਬਿਲਕੁਲ –

iii. ਪੂਰਾ –

iv. ਵਾਰ-ਵਾਰ -

v. ਥੋੜਾ –

vi. ਹੇਠਾਂ –

6. ਕੋਈ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ| 5x1=5

i. ਕਿਸਾਨ ਰਾਮਦੇਵ ਨੂੰ ਕੀ ਚਿੰਤਾ ਹੋਈ?

ii. ਅਲੋਕ ਕਿਸੇ ਵੀ ਥਾਂ ਖਿੱਲਰੇ ਕੂੜੇ ਦਾ ਕੀ ਕਰਦਾ ਹੈ?

iii. ‘ਭਾਖੜੇ’ ਸ਼ਬਦ ਤੋਂ ਕੀ ਭਾਵ ਹੈ?

iv. ਅਰੂਨਿਮਾ ਸਿਨਹਾ ਕਿਥੋਂ ਦੀ ਰਹਿਣ ਵਾਲੀ ਹੈ?

v. ਨੇਵੈਧ ਤੋਂ ਕੀ ਭਾਵ ਹੈ?

vi. ‘ਹਿੰਦ ਦੀ ਚਾਦਰ’ ਕਿਸ ਨੂੰ ਕਿਹਾ ਗਿਆ ਹੈ?

vii. ਦਸ ਰੁਪਏ ਦਾ ਅਜੀਬ ਨੋਟ ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ?

7. ਹੇਠ ਲਿਖੇ ਸ਼ਬਦਾਂ ਨੂੰ ਸਹੀ ਖਾਲੀ ਸਥਾਨ ਵਿੱਚ ਭਰੋ| (ਕੋਈ ਪੰਜ) 5x1=5

ਮਾਘੀ, 21110, ਟੱਲੀਆਂ, ਐਵਰਸਟ, ਫ਼ੌਜ, ਪਸ਼ੂਆਂ

i. ਪਸ਼ੂਆਂ ਦੇ ਗਲੇ ਵਿੱਚ-----ਬੰਨੀਆਂ ਜਾਂਦੀਆਂ ਹਨ|

ii. ਅਰੂਨਿਮਾ ਦੇ ਪਿਤਾ ਜੀ------ਵਿੱਚ ਸਨ|

iii. ਪੋਂਗਲ ਵਾਲੇ ਦਿਨ ਮਨੁੱਖ ਖੇਤੀ ਵਿੱਚ ਮਦਦ ਕਰਨ ਵਾਲੇ -------ਦਾ ਧੰਨਵਾਦ ਕਰਦਾ ਹੈ|

iv. -------------ਫੁੱਟ ਉੱਚੀ ਲੱਦਾਖ ਦੀ ਚਾਂਗਸਰ ਕਾਂਗੜੀ ਦੀ ਚੋਟੀ ‘ਤੇ ਜਿੱਤ ਹਾਸਲ ਕੀਤੀ|

v. ਮਾਘ ਦਾ ਪਹਿਲਾ ਦਿਨ-----ਹੁੰਦਾ ਹੈ|

vi. ਅਰੂਨਿਮਾ ਸਿਨਹਾ ਆਪਣੇ ਜਨੂੰਨ ਨੂੰ--------ਤੋਂ ਉੱਚਾ ਮੰਨਦੀ ਹੈ|

8. ਹੇਠ ਲਿਖੇ ਵਾਕਾਂ ਵਿੱਚੋਂ ਸਹੀ ਵਾਕ ਅੱਗੇ (V) ਤੇ ਗਲਤ ਵਾਕ ਅੱਗੇ (x) ਦਾ ਨਿਸ਼ਾਨ ਲਗਾਓ| (ਕੋਈ ਪੰਜ) 5x1=5

i. ਹੀਰਾ ਲਾਲ ਹੰਕਾਰੀ ਤੇ ਬੇਈਮਾਨ ਸੀ| ( )

ii. ਸਾਡੇ ਦੇਸ਼ ਵਿੱਚ ਅਨੇਕਾਂ ਤਿਉਹਾਰ ਮਨਾਏ ਜਾਂਦੇ ਹਨ| ( )

iii. ਬੱਚੇ ਕੁਝ ਨਵਾਂ ਤੇ ਵਧੀਆ ਕਰਨ ਬਾਰੇ ਸੋਚਦੇ ਹੋਏ ਘਰਾਂ ਨੂੰ ਤੁਰ ਪਏ| ( )

iv. ਫਰਾਂਸ ਵਿੱਚ ਬਹੁਤ ਗੰਦਗੀ ਦੇਖਣ ਨੂੰ ਮਿਲਦੀ ਹੈ| ( )

v. ਜਗੀਰਦਾਰ ਨੂੰ ਕੋਈ ਸਬਕ ਨਹੀਂ ਮਿਲਿਆ| ( )

vi. ਸਾਡੇ ਦੇਸ਼ ਦੇ ਖੇਤ ਸੋਨੇ ਰੰਗੇ ਹਨ| ( )

9. ਹੇਠ ਲਿਖੇ ਕੋਈ ਪੰਜ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ| 5x1=5

ਕੂੜਾ-ਕਰਕਟ, ਜ਼ਮੀਨ, ਹਾਲ-ਦੁਹਾਈ, ਹੌਂਸਲਾ, ਇਤਿਹਾਸਿਕ, ਜਿੱਤ

10. ਲੇਖ 5

15 ਅਗਸਤ

ਜਾਂ

26 ਜਨਵਰੀ

11. ਆਪਣੇ ਸਕੂਲ ਮੁਖੀ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਲੈਣ ਲਈ ਬਿਨੈ-ਪੱਤਰ ਲਿਖੋ| 5